TARION

# ਤੁਹਾਡੇ ਨਵੇਂ ਕੌਂਡੋ ਲਈ ਵਾਰੰਟੀ ਕਵਰੇਜ

ਓਨਟਾਰੀਓ ਵਿੱਚ ਨਵੇਂ ਘਰਾਂ ਅਤੇ ਕੌਂਡੋ ਯੂਨਿਟਾਂ ਨੂੰ ਕਵਰ ਕਰਨ ਵਾਲੀ ਵਾਰੰਟੀ, ਘਰ ਦੇ ਮਾਲਕ ਵਜੋਂ ਤੁਹਾਡੀਆਂ ਜ਼ਿੰਮੇਵਾਰੀਆਂ, ਤੁਹਾਡੇ ਬਿਲਡਰ ਦੀ ਭੂਮਿਕਾ ਅਤੇ ਟੈਰੀਓਨ ਕਿਵੇਂ ਮਦਦ ਕਰ ਸਕਦਾ ਹੈ, ਬਾਰੇ ਜਾਣੋ।



## ਸਾਡੇ ਨਾਲ ਸੰਪਰਕ ਕਰੋ

Tarion.com

customerservice@tarion.com

1 877 982 7466

## ਸਾਨੂੰ ਫੌਲੋ ਕਰੋ

@Tarion.ON

@Tarion_ON

@tarion_on

@tarion_on

# ਨਵਾਂ ਬਣਿਆ ਕੌਂਡੋ ਖਰੀਦ ਰਹੇ ਹੋ?

## ਇਹ ਗਾਈਡ ਤੁਹਾਡੀ ਨਵੀਂ ਹੋਮ ਵਾਰੰਟੀ ਬਾਰੇ ਜਾਣਨ ਲਈ ਸਭ ਤੋਂ ਮਹੱਤਵਪੂਰਨ ਗੱਲਾਂ ਦੱਸਦੀ ਹੈ।

ਭਾਵੇਂ ਤੁਸੀਂ ਆਪਣਾ ਪਹਿਲਾ ਘਰ, ਆਪਣਾ ਅਗਲਾ ਘਰ ਜਾਂ ਆਮਦਨੀ ਲਈ ਜਾਇਦਾਦ ਖਰੀਦ ਰਹੇ ਹੋ, ਘਰ ਜ਼ਿੰਦਗੀ ਦੇ ਸਭ ਤੋਂ ਵੱਡੇ ਨਿਵੇਸ਼ਾਂ ਵਿੱਚੋਂ ਇੱਕ ਹੈ।

*ਨਵੇਂ ਘਰ ਦੀ ਮਲਕੀਅਤ ਦੀ ਯਾਤਰਾ ਦਿਲਚਸਪ ਹੋ ਸਕਦੀ ਹੈ, ਪਰ ਇਹ ਹਮੇਸ਼ਾ ਯੋਜਨਾ ਅਨੁਸਾਰ ਨਹੀਂ ਹੁੰਦੀ।*

ਓਨਟਾਰੀਓ ਦੇ ਨਵੇਂ ਹੋਮ ਵਾਰੰਟੀ ਪ੍ਰੋਗਰਾਮ ਦੇ ਹਿੱਸੇ ਵਜੋਂ, ਤੁਹਾਡੇ ਬਿਲਡਰ ਦੀ ਵਾਰੰਟੀ ਤੁਹਾਨੂੰ ਖਾਸ ਵਿੱਤੀ ਨੁਕਸਾਨਾਂ ਅਤੇ ਉਸਾਰੀ ਦੇ ਨੁਕਸ ਤੋਂ ਬਚਾਉਂਦੀ ਹੈ, ਪਰ ਉਹ ਘਰ ਪ੍ਰਾਪਤ ਕਰਨਾ ਜਿਸਦਾ ਤੁਹਾਨੂੰ ਵਾਅਦਾ ਕੀਤਾ ਗਿਆ ਸੀ ਦਾ ਮਤਲਬ ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਜਾਣਨਾ ਵੀ ਹੈ।

ਇੱਕ ਸੁਤੰਤਰ, ਗੈਰ-ਮੁਨਾਫ਼ਾ, ਖਪਤਕਾਰ ਸੁਰੱਖਿਆ ਸੰਸਥਾ ਦੇ ਰੂਪ ਵਿੱਚ, ਟੈਰੀਓਨ ਵਿਖੇ ਸਾਡੀ ਟੀਮ ਮਦਦ ਕਰਨ ਲਈ ਹਾਜ਼ਰ ਹੈ। ਅਸੀਂ ਤੁਹਾਡੇ ਵਰਗੇ ਹਜ਼ਾਰਾਂ ਮਕਾਨ ਮਾਲਕਾਂ ਦੀ ਹੋਮ ਵਾਰੰਟੀ ਕਵਰੇਜ ਨੂੰ ਸਮਝਣ ਅਤੇ ਦਾਅਵਿਆਂ ਦੀ ਪ੍ਰਕਿਰਿਆ ਨੂੰ ਸੇਧ ਦੇਣ ਵਿੱਚ ਸਹਾਇਤਾ ਕੀਤੀ ਹੈ।

ਜਦੋਂ ਤੁਸੀਂ ਆਪਣੀਆਂ ਚਾਬੀਆਂ ਪ੍ਰਾਪਤ ਕਰਦੇ ਹੋ, ਅਤੇ ਤੁਹਾਡੀ ਸੱਤ-ਸਾਲਾਂ ਦੀ ਵਾਰੰਟੀ ਦੀ ਮਿਆਦ ਦੌਰਾਨ, ਟੈਰੀਓਨ ਨੂੰ ਆਪਣੇ ਨਵੇਂ ਘਰ ਦੀ ਸੁਰੱਖਿਆ ਵਿੱਚ ਆਪਣੇ ਸਾਥੀ ਵਜੋਂ ਸਮਝੋ।

# Tarion ਬਾਰੇ

ਓਨਟਾਰੀਓ ਵਿੱਚ, ਜ਼ਿਆਦਾਤਰ ਨਵੇਂ ਬਣੇ ਘਰ ਇੱਕ ਵਾਰੰਟੀ ਦੇ ਨਾਲ ਆਉਂਦੇ ਹਨ ਜੋ ਬਿਲਡਰ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਪ੍ਰੋਵਿੰਸ਼ੀਅਲ ਸਰਕਾਰ ਦੁਆਰਾ ਸਥਾਪਤ ਇੱਕ ਸੁਤੰਤਰ, ਗੈਰ-ਲਾਭਕਾਰੀ ਸੰਸਥਾ, ਟੈਰੀਓਨ ਦੁਆਰਾ ਸਮਰਥਤ ਹੈ।

ਟੈਰੀਓਨ ਵਿਖੇ, ਸਾਡਾ ਮੰਨਣਾ ਹੈ ਕਿ ਹਰ ਨਵਾਂ ਘਰ ਦਾ ਖਰੀਦਦਾਰ ਮਨ ਦੀ ਸ਼ਾਂਤੀ ਦਾ ਹੱਕਦਾਰ ਹੈ ਕਿ ਉਹ, ਉਹ ਘਰ ਪ੍ਰਾਪਤ ਕਰ ਰਹੇ ਹਨ ਜਿਸਦਾ ਉਹਨਾਂ ਨਾਲ ਵਾਅਦਾ ਕੀਤਾ ਗਿਆ ਸੀ। ਸਾਡੀ ਭੂਮਿਕਾ ਇਸ ਗੱਲ ਨੂੰ ਯਕੀਨੀ ਬਣਾਉਣਾ ਹੈ ਕਿ ਓਨਟਾਰੀਓ ਵਿੱਚ ਨਵੇਂ ਘਰ ਖਰੀਦਣ ਵਾਲ਼ਿਆਂ ਨੂੰ ਉਹ ਕਵਰੇਜ ਮਿਲ਼ੇ, ਜਿਸ ਦੇ ਉਹ ਆਪਣੇ ਬਿਲਡਰ ਦੀ ਵਾਰੰਟੀ ਦੇ ਅਧੀਨ ਹੱਕਦਾਰ ਹਨ।

## ਅਸੀਂ ਨਿਮਨਲਿਖਤ ਤਰੀਕਿਆਂ ਨਾਲ ਮਕਾਨ ਮਾਲਕਾਂ ਦਾ ਸਮਰਥਨ ਕਰਦੇ ਹਾਂ:

- **MyHome ਔਨਲਾਈਨ ਪੋਰਟਲ ਦਾ ਪ੍ਰਬੰਧਨ ਕਰਨਾ,** ਜੋ ਤੁਹਾਡੀ ਵਾਰੰਟੀ ਦਾ ਪ੍ਰਬੰਧਨ ਕਰਨ ਅਤੇ ਬਿਲਡਰ ਅਤੇ ਟੈਰੀਓਨ ਨੂੰ ਨੁਕਸਾਂ ਦੀ ਰਿਪੋਰਟ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ
- **ਉਨ੍ਹਾਂ ਵਿਵਾਦਾਂ ਦੇ ਨਿਰਪੱਖ ਹੱਲ ਦੀ ਸਹੂਲਤ ਮੁਹੱਈਆ ਕਰਨਾ** ਜੋ ਘਰ ਦੇ ਮਾਲਕਾਂ ਅਤੇ ਬਿਲਡਰਾਂ ਵਿਚਕਾਰ, ਵਾਰੰਟੀ ਕਵਰੇਜ, ਮੁਰੰਮਤ ਜਾਂ ਗਾਹਕ ਸੇਵਾ ਨਾਲ ਸਬੰਧਤ ਹਨ
- **ਦਾਅਵਿਆਂ ਦਾ ਮੁਲਾਂਕਣ ਕਰਨਾ** ਇਹ ਨਿਰਧਾਰਤ ਕਰਨ ਲਈ ਕਿ ਕੀ ਉਹਨਾਂ ਦੀ ਪੁਸ਼ਟੀ ਔਨ-ਸਾਈਟ ਨਿਰੀਖਣ ਜਾਂ ਜਾਂਚ ਦੇ ਵਿਕਲਪਕ ਢੰਗ ਦੁਆਰਾ ਕੀਤੀ ਗਈ ਹੈ
- **ਦਖਲ ਦੇਣਾ** ਜਦੋਂ ਇੱਕ ਬਿਲਡਰ ਇੱਕ ਵੈਧ ਵਾਰੰਟੀ ਦੇ ਦਾਅਵੇ ਨੂੰ ਮੁਖਾਤਿਬ ਨਹੀਂ ਹੁੰਦਾ, ਤਾਂ ਮੁਆਵਜ਼ੇ ਜਾਂ ਕਿਸੇ ਤੀਜੀ ਧਿਰ ਦੁਆਰਾ ਮੁਰੰਮਤ ਰਾਹੀਂ ਸਿੱਧਾ ਘਰ ਦੇ ਮਾਲਕ ਨਾਲ ਦਾਅਵੇ ਨੂੰ ਹੱਲ ਕਰਨਾ
- **ਗਾਰੰਟੀ ਫੰਡ ਦਾ ਪ੍ਰਬੰਧਨ ਕਰਨਾ** ਜੋ ਨਵੇਂ ਘਰ ਖਰੀਦਦਾਰਾਂ ਦੀ ਸੁਰੱਖਿਆ ਲਈ ਵਾਰੰਟੀ ਦਾਅਵਿਆਂ ਲਈ ਮੁਆਵਜ਼ੇ ਨੂੰ ਕਵਰ ਕਰਦਾ ਹੈ

## ਤੁਹਾਡੀ ਨਵੀਂ ਹੋਮ ਵਾਰੰਟੀ ਯਾਤਰਾ ਦੇ ਹਰ ਪੜਾਅ 'ਤੇ ਤੁਹਾਡੇ ਲਈ ਹਾਜ਼ਰ ਹੈ

ਅਸੀਂ ਤੁਹਾਡੀ ਨਵੀਂ ਹੋਮ ਵਾਰੰਟੀ ਨੂੰ ਸਮਝਣ ਅਤੇ ਦਾਅਵੇ ਦੀ ਪ੍ਰਕਿਰਿਆ ਨੂੰ ਭਰੋਸੇ ਨਾਲ ਨੈਵੀਗੇਟ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਟੂਲ, ਸਰੋਤ ਅਤੇ ਗਾਈਡ ਪੇਸ਼ ਕਰਦੇ ਹਾਂ - ਜੇਕਰ ਅਤੇ ਜਦੋਂ ਤੁਹਾਨੂੰ ਇਸਦੀ ਲੋੜ ਹੋਵੇ।



# ਤੁਹਾਡੇ ਬਿਲਡਰ ਦੀ ਭੂਮਿਕਾ

ਤੁਹਾਡੇ ਨਵੇਂ ਘਰ ਦੀ ਵਾਰੰਟੀ ਤੁਹਾਡੇ ਬਿਲਡਰ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ, ਅਤੇ ਉਹ ਹੇਠ ਲਿਖੇ ਲਈ ਜ਼ਿੰਮੇਵਾਰ ਹਨ:

- **ਇਹ ਯਕੀਨੀ ਬਣਾਉਣਾ ਕਿ ਤੁਹਾਡਾ ਨਵਾਂ ਘਰ ਸਹੀ ਢੰਗ ਨਾਲ ਬਣਿਆ ਹੈ।** ਇਸਦਾ ਮਤਲਬ ਇਹ ਹੈ ਕਿ ਇਹ ਓਨਟਾਰੀਓ ਦੇ ਬਿਲਡਿੰਗ ਕੋਡ ਦੇ ਅਨੁਸਾਰ ਬਣਾਇਆ ਗਿਆ ਹੈ, ਰਿਹਾਇਸ਼ ਲਈ ਫਿੱਟ ਹੈ, ਅਤੇ ਕੰਮ ਅਤੇ ਸਮੱਗਰੀ ਵਿੱਚ ਨੁਕਸ ਤੋਂ ਮੁਕਤ ਹੈ ਅਤੇ ਕਾਨੂੰਨੀ ਵਾਰੰਟੀ ਦੇ ਅਧੀਨ ਨਿਰਧਾਰਤ ਕੀਤੇ ਗਏ ਮੁੱਖ ਢਾਂਚਾਗਤ ਨੁਕਸ ਤੋਂ ਮੁਕਤ ਹੈ।
- **ਤੁਹਾਨੂੰ ਤੁਹਾਡੀ ਵਾਰੰਟੀ ਕਵਰੇਜ ਬਾਰੇ ਜਾਣਕਾਰੀ ਪ੍ਰਦਾਨ ਕਰਨਾ** ਤੁਹਾਡੀ ਖਰੀਦ ਦੇ ਸਮੇਂ
- **ਤੁਹਾਡੇ ਨਾਲ ਪ੍ਰੀ-ਡਿਲੀਵਰੀ ਇੰਸਪੈਕਸ਼ਨ (PDI) ਕਰਵਾਉਣਾ,** ਕਬਜ਼ੇ ਦੀ ਮਿਤੀ 'ਤੇ ਜਾਂ ਇਸ ਤੋਂ ਪਹਿਲਾਂ ਇਹ ਦੱਸਣਾ ਕਿ ਤੁਹਾਡੇ ਘਰ ਵਿੱਚ ਵੱਖ-ਵੱਖ ਸਿਸਟਮ ਕਿਵੇਂ ਕੰਮ ਕਰਦੇ ਹਨ
- **ਤੁਹਾਡੇ ਘਰ ਦੇ ਮੁਕੰਮਲ ਹੋਣ 'ਤੇ ਤੁਹਾਨੂੰ ਵਾਰੰਟੀ ਸਰਟੀਫਿਕੇਟ ਪ੍ਰਦਾਨ ਕਰਨਾ,** ਜੋ ਦੱਸਦਾ ਹੈ ਕਿ ਤੁਹਾਡੀ ਨਵੀਂ ਹੋਮ ਵਾਰੰਟੀ ਕਦੋਂ ਲਾਗੂ ਹੁੰਦੀ ਹੈ
- **ਗਾਹਕ ਸੇਵਾ ਮੁੱਦਿਆਂ ਨੂੰ ਹੱਲ ਕਰਨ ਲਈ ਤੁਹਾਡੇ ਲਈ ਮੁਨਾਸਬ ਪਹੁੰਚਯੋਗ ਹੋਣਾ,** ਸਮੇਤ ਇਸ ਗੱਲ ਦੀ ਪੜਤਾਲ ਦੇ ਕਿ ਤੁਹਾਡੇ ਘਰ ਦੀਆਂ ਸਮੱਸਿਆਵਾਂ ਬਾਰੇ ਨਿਰਣਾ ਕਰਨਾ ਕਿ ਕੀ ਉਹ ਵਾਰੰਟੀ ਦੁਆਰਾ ਕਵਰ ਹੁੰਦੀਆਂ ਹਨ
- **ਵੈਧ ਵਾਰੰਟੀ ਬੇਨਤੀਆਂ ਨੂੰ** ਮੁਰੰਮਤ ਕਰ ਕੇ ਜਾਂ ਸਵੀਕਾਰਯੋਗ ਵਿਕਲਪਿਕ ਹੱਲ ਦੀ ਪੇਸ਼ਕਸ਼ ਕਰਕੇ ਸਮੇਂ ਸਿਰ ਹੱਲ ਕਰਨਾ

# ਘਰ ਦੇ ਮਾਲਕ ਵਜੋਂ ਤੁਹਾਡੀ ਭੂਮਿਕਾ

ਇੱਕ ਨਵੇਂ ਘਰ ਦੇ ਮਾਲਕ ਵਜੋਂ, ਤੁਸੀਂ ਇਹ ਯਕੀਨੀ ਬਣਾਉਣ ਲਈ ਇੱਕ ਜ਼ਰੂਰੀ ਭੂਮਿਕਾ ਨਿਭਾਉਂਦੇ ਹੋ ਕਿ ਤੁਹਾਨੂੰ ਉਹ ਵਾਰੰਟੀ ਕਵਰੇਜ ਮਿਲਦੀ ਹੈ ਜਿਸ ਦੇ ਤੁਸੀਂ ਹੱਕਦਾਰ ਹੋ।

ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਵਿੱਚ ਸ਼ਾਮਲ ਹਨ:

- **ਤੁਹਾਡੀ ਵਾਰੰਟੀ ਕਵਰੇਜ ਅਤੇ ਪ੍ਰਕਿਰਿਆ ਨੂੰ** ਵਾਰੰਟੀ ਸੇਵਾ ਬੇਨਤੀਆਂ ਅਤੇ ਦਾਅਵੇ ਕਰਨ ਲਈ ਸਮਝਣਾ
- **ਪ੍ਰੀ-ਡਿਲੀਵਰੀ ਨਿਰੀਖਣ (PDI) ਵਿੱਚ** ਅਧੂਰੀਆਂ, ਨੁਕਸਾਨੀਆਂ ਜਾਂ ਗ਼ੈਰਹਾਜ਼ਰ ਵਸਤੂਆਂ ਨੂੰ ਨੋਟ ਕਰਕੇ, ਅਤੇ ਆਪਣੇ ਘਰ ਦੇ ਸਿਸਟਮ ਨੂੰ ਚਲਾਉਣ ਬਾਰੇ ਸਿੱਖ ਕੇ, ਹਿੱਸਾ ਲੈਣਾ
- **ਆਪਣੇ ਘਰ ਨੂੰ ਸਹੀ ਢੰਗ ਨਾਲ ਸੰਭਾਲਣਾ** ਤੁਹਾਡੀ ਵਾਰੰਟੀ ਕਵਰੇਜ ਨੂੰ ਬਰਕਰਾਰ ਰੱਖਣ ਲਈ
- **ਤੁਹਾਡੇ ਬਿਲਡਰ ਨੂੰ ਵਾਰੰਟੀ ਸੰਬੰਧੀ ਚਿੰਤਾਵਾਂ ਬਾਰੇ,** ਜਿੰਨੀ ਜਲਦੀ ਹੋ ਸਕੇ ਲਿਖਤੀ ਰੂਪ ਵਿੱਚ ਸੂਚਿਤ ਕਰਨਾ
- **ਤੁਹਾਡੇ ਬਿਲਡਰ ਨੂੰ** ਵਾਰੰਟੀ ਸੇਵਾ ਬੇਨਤੀਆਂ ਦੀ ਜਾਂਚ ਕਰਨ ਅਤੇ ਹੱਲ ਕਰਨ ਲਈ ਤੁਹਾਡੇ ਘਰ ਵਿਚ ਵਾਜਬ ਪਹੁੰਚ ਪ੍ਰਦਾਨ ਕਰਨਾ
- **ਉਚਿਤ ਸਮਾਂ-ਸੀਮਾਵਾਂ ਦੇ ਅੰਦਰ ਆਪਣਾ ਦਾਅਵਾ ਪੇਸ਼ ਕਰਨਾ,** ਜੇਕਰ ਤੁਹਾਨੂੰ ਟੈਰੀਓਨ ਤੋਂ ਵਾਰੰਟੀ ਸਹਾਇਤਾ ਦੀ ਲੋੜ ਹੈ

# ਡਿਪਾਜ਼ਿਟ ਸੁਰੱਖਿਆ

ਓਨਟਾਰੀਓ ਕੰਡੋਮੀਨੀਅਮ ਐਕਟ ਦੇ ਤਹਿਤ, ਤੁਹਾਡੇ ਦੁਆਰਾ ਆਪਣੇ ਬਿਲਡਰ ਨੂੰ ਪ੍ਰਦਾਨ ਕੀਤੀ ਡਿਪਾਜ਼ਿਟ ਨੂੰ ਟ੍ਰਸਟ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਜੇਕਰ ਤੁਹਾਡਾ ਬਿਲਡਰ ਤੁਹਾਡੇ ਖਰੀਦ ਸਮਝੌਤੇ ਨੂੰ ਖਤਮ ਕਰਦਾ ਹੈ, ਤਾਂ ਉਹਨਾਂ ਨੂੰ 10 ਦਿਨਾਂ ਦੇ ਅੰਦਰ ਤੁਹਾਡੀ ਜਮ੍ਹਾਂ ਰਕਮ ਵਾਪਸ ਕਰਨੀ ਚਾਹੀਦੀ ਹੈ।

ਬਹੁਤ ਘੱਟ ਸਥਿਤੀ ਵਿੱਚ ਜਦੋਂ ਬਿਲਡਰ ਤੁਹਾਡੇ ਕੰਡੋਮੀਨੀਅਮ ਡਿਪਾਜ਼ਿਟ ਨੂੰ ਵਾਪਸ ਨਹੀਂ ਕਰਦਾ ਹੈ, ਟੈਰੀਓਨ $20,000 ਤੱਕ ਡਿਪਾਜ਼ਿਟ ਸੁਰੱਖਿਆ ਪ੍ਰਦਾਨ ਕਰਦਾ ਹੈ।

ਇਸ ਵਿੱਚ ਉਹ ਪੈਸਾ ਸ਼ਾਮਲ ਹੁੰਦਾ ਹੈ ਜੋ ਤੁਸੀਂ ਅੱਪਗਰੇਡਾਂ ਅਤੇ ਹੋਰ ਵਾਧੂ ਖਰਚਿਆਂ ਲਈ ਪਾਉਂਦੇ ਹੋ।

**ਕਵਰੇਜ ਸੀਮਾ: $20,000**

### ਕਿਸੇ ਵਕੀਲ ਨਾਲ ਸਲਾਹ ਕਰੋ

ਜੇਕਰ ਬਿਲਡਰ ਤੁਹਾਡਾ ਇਕਰਾਰਨਾਮਾ ਖਤਮ ਕਰਦਾ ਹੈ, ਤਾਂ ਆਪਣੇ ਵਿਕਲਪਾਂ ਬਾਰੇ ਸਲਾਹ ਲਈ ਕਿਸੇ ਰੀਅਲ ਅਸਟੇਟ ਵਕੀਲ ਨਾਲ ਸੰਪਰਕ ਕਰੋ।

## ਕਲੋਜ਼ਿੰਗ ਵਿਚ ਦੇਰੀ ਲਈ ਕਵਰੇਜ

ਤੁਹਾਡੇ ਬਿਲਡਰ ਦੀ ਵਾਰੰਟੀ ਰਾਹੀਂ, ਉਹ ਗਾਰੰਟੀ ਦਿੰਦੇ ਹਨ ਕਿ ਤੁਹਾਡਾ ਘਰ ਤੁਹਾਡੇ ਖਰੀਦ ਸਮਝੌਤੇ ਵਿੱਚ ਦਰਸਾਈ ਗਈ ਕਿਸੇ ਮਿਤੀ ਤੱਕ, ਜਾਂ ਦੇਰੀ ਦੀ ਸਥਿਤੀ ਵਿੱਚ ਇੱਕ ਵਧੀ ਹੋਈ ਮਿਤੀ ਤੱਕ ਤਿਆਰ ਹੋਵੇਗਾ।

ਜੇਕਰ ਤੁਹਾਡੀ ਕਬਜ਼ੇ ਦੀ ਮਿਤੀ ਵਿੱਚ ਕੋਈ ਅਣਉਚਿਤ ਦੇਰੀ ਹੈ, ਤਾਂ ਤੁਸੀਂ ਆਪਣੇ ਬਿਡਲਰ ਤੋਂ ਮੁਆਵਜ਼ੇ ਦਾ ਦਾਅਵਾ ਕਰ ਸਕਦੇ ਹੋ।

**ਕਵਰੇਜ ਸੀਮਾ: $7,500**

### ਕਿਸੇ ਵਕੀਲ ਨਾਲ ਸਲਾਹ ਕਰੋ

ਜੇਕਰ ਕਬਜ਼ੇ ਵਿੱਚ ਦੇਰੀ ਦੇ ਮਾਮਲੇ ਵਿੱਚ ਆਪਣੇ ਵਿਕਲਪਾਂ ਬਾਰੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਤਾਂ ਕਾਨੂੰਨੀ ਸਲਾਹ ਲਓ।

### ਤੁਹਾਡੀਆਂ ਕਬਜ਼ੇ ਦੀਆਂ ਤਾਰੀਖਾਂ ਬਾਰੇ ਵੇਰਵੇ ਕਿੱਥੇ ਲੱਭੀਏ

ਤੁਹਾਡੇ ਖਰੀਦ ਇਕਰਾਰਨਾਮੇ ਨਾਲ ਨੱਥੀ ਅਡੈਂਡਮ ਵਿੱਚ, ਤੁਹਾਡੇ ਕਬਜ਼ੇ ਦੀ ਮਿਤੀ ਬਾਰੇ ਅਤੇ ਕੋਈ ਵੀ ਐਕਸਟੈਂਸ਼ਨ ਜਿਸਦੀ ਤੁਹਾਡੇ ਬਿਲਡਰ ਨੂੰ ਸਟੇਟਮੈਂਟ ਆਫ਼ ਕ੍ਰਿਟੀਕਲ ਡੇਟਸ ਸੈਕਸ਼ਨ ਵਿੱਚ ਇਜਾਜ਼ਤ ਹੈ, ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

# ਕੰਮ ਅਤੇ ਸਮੱਗਰੀ

ਜਦੋਂ ਤੁਸੀਂ ਆਪਣੇ ਨਵੇਂ ਘਰ ਦਾ ਕਬਜ਼ਾ ਲੈਂਦੇ ਹੋ, ਉਸ ਤੋਂ ਸੱਤ ਸਾਲ ਤੱਕ ਕੰਮ ਅਤੇ ਸਮੱਗਰੀ 'ਤੇ ਵਾਰੰਟੀ ਰਹਿੰਦੀ ਹੈ।

**ਕਵਰੇਜ ਸੀਮਾ: $300,000**

## 1 ਸਾਲ

- **ਸ਼ਰਤ ਹੈ** ਕਿ ਤੁਹਾਡਾ ਘਰ ਸਹੀ ਢੰਗ ਨਾਲ ਅਤੇ ਕੰਮ ਅਤੇ ਸਮੱਗਰੀ ਵਿੱਚ ਨੁਕਸ ਤੋਂ **ਮੁਕਤ ਬਣਾਇਆ ਗਿਆ ਹੋਵੇ**
- **ਯਕੀਨੀ ਬਣਾਉਂਦਾ ਹੈ** ਕਿ ਤੁਹਾਡਾ ਘਰ ਰਹਿਣ ਲਈ ਫਿੱਟ ਹੈ
- **ਰੱਖਿਆ ਕਰਦਾ ਹੈ** ਓਨਟਾਰੀਓ ਬਿਲਡਿੰਗ ਕੋਡ ਦੀਆਂ ਉਲੰਘਣਾਵਾਂ ਖਿਲਾਫ
- **ਸੁਰੱਖਿਅਤ ਕਰਦਾ ਹੈ** ਅਣਅਧਿਕਾਰਤ ਬਦਲਾਂ ਦੇ ਖਿਲਾਫ਼

## 2 ਸਾਲ

- **ਰੱਖਿਆ ਕਰਦਾ ਹੈ** ਬੇਸਮੈਂਟ ਜਾਂ ਨੀਂਹ ਦੀਆਂ ਕੰਧਾਂ ਰਾਹੀਂ ਪਾਣੀ ਦੇ ਪ੍ਰਵੇਸ਼ ਦੀ ਸੂਰਤ ਵਿਚ
- **ਰੱਖਿਆ ਕਰਦਾ ਹੈ** ਕੰਮ ਜਾਂ ਸਮੱਗਰੀ ਵਿੱਚ ਨੁਕਸ ਦੇ ਵਿਰੁੱਧ, ਜਿਸ ਦੇ ਨਤੀਜੇ ਵਜੋਂ ਇਮਾਰਤ ਦੇ ਦਾਇਰੇ ਵਿੱਚ ਪਾਣੀ ਦਾਖ਼ਲ ਹੁੰਦਾ ਹੈ
- **ਕਵਰ ਕਰਦਾ ਹੈ** ਇਲੈਕਟ੍ਰੀਕਲ, ਪਲੰਬਿੰਗ, ਅਤੇ ਹੀਟਿੰਗ ਡਿਲੀਵਰੀ ਅਤੇ ਵੰਡ ਪ੍ਰਣਾਲੀਆਂ ਦੇ ਕੰਮ ਜਾਂ ਸਮੱਗਰੀ ਵਿੱਚ ਨੁਕਸ ਹੋਣ ਦੀ ਸੂਰਤ ਵਿਚ
- **ਕਵਰ ਕਰਦਾ ਹੈ** ਕੰਮ ਜਾਂ ਸਮੱਗਰੀ ਵਿੱਚ ਨੁਕਸ ਜਿਸ ਦੇ ਨਤੀਜੇ ਵਜੋਂ ਬਾਹਰੀ ਕਲੈਡਿੰਗ (ਜਿਵੇਂ ਕਿ ਇੱਟ ਦਾ ਕੰਮ, ਐਲੂਮੀਨੀਅਮ, ਜਾਂ ਵਿਨਾਇਲ ਸਾਈਡਿੰਗ) ਦਾ ਡਿੱਗਣਾ, ਵਿਸਥਾਪਨ ਜਾਂ ਵਿਗਾੜ ਹੁੰਦਾ ਹੈ।
- **ਰੱਖਿਆ ਕਰਦਾ ਹੈ** ਓਨਟਾਰੀਓ ਬਿਲਡਿੰਗ ਕੋਡ ਦੀ ਉਲੰਘਣਾ ਦੇ ਖਿਲਾਫ ਜੋ ਸਿਹਤ ਅਤੇ ਸੁਰੱਖਿਆ ਨੂੰ ਪ੍ਰਭਾਵਿਤ ਕਰਦੇ ਹਨ
- **ਪ੍ਰਦਾਨ ਕਰਦਾ ਹੈ** ਮੁੱਖ ਢਾਂਚਾਗਤ ਨੁਕਸ ਦੇ ਵਿਰੁੱਧ ਕਵਰੇਜ

## 7 ਸਾਲ

ਮੁੱਖ ਢਾਂਚਾਗਤ ਨੁਕਸਾਂ ਦੇ ਵਿਰੁੱਧ ਕਵਰੇਜ ਪ੍ਰਦਾਨ ਕਰਦਾ ਹੈ, ਜਿਸ ਵਿੱਚ ਸ਼ਾਮਲ ਹਨ:

- **ਕੰਮ ਜਾਂ ਸਮੱਗਰੀ ਵਿੱਚ ਨੁਕਸ** ਜੋ ਘਰ ਦੇ ਢਾਂਚਾਗਤ ਭਾਰ ਥੰਮ੍ਹਣ ਵਾਲ਼ੇ ਤੱਤ ਨੂੰ ਪ੍ਰਭਾਵਤ ਕਰਦੇ ਹਨ, ਜਿਸਦੇ ਨਤੀਜੇ ਵਜੋਂ ਇੱਕ ਢਾਂਚਾਗਤ ਅਸਫਲਤਾ ਹੁੰਦੀ ਹੈ, ਜਾਂ ਜੋ ਘਰ ਦੀ ਢਾਂਚਾਗਤ ਅਖੰਡਤਾ ਨੂੰ ਭੌਤਿਕ ਅਤੇ ਉਲਟ ਰੂਪ ਵਿੱਚ ਪ੍ਰਭਾਵਤ ਕਰ ਸਕਦੀ ਹੈ
- **ਕੰਮ ਜਾਂ ਸਮੱਗਰੀ ਵਿੱਚ ਨੁਕਸ** ਜੋ ਘਰ ਦੇ ਗੌਲਣਯੋਗ ਹਿੱਸੇ ਦੀ ਵਰਤੋਂ ਤੇ ਭੌਤਿਕ ਰੂਪ ਵਿੱਚ ਮਾੜਾ ਪ੍ਰਭਾਵ ਪਾਉਂਦਾ ਹੈ

# ਆਮ ਤੱਤ

ਆਮ ਤੱਤ ਇਮਾਰਤ ਦੇ ਸਾਂਝੇ ਖੇਤਰ ਹਨ। ਵਧੇਰੇ ਕਰਕੇ
ਕੌਂਡੋਜ਼ ਵਿੱਚ ਸਾਂਝੇ ਤੱਤ ਵੀ ਵਾਰੰਟੀ ਦੁਆਰਾ ਕਵਰ ਕੀਤੇ ਜਾਂਦੇ ਹਨ। ਉਦਾਹਰਨ ਲਈ, ਜ਼ਿਆਦਾਤਰ ਕੌਂਡੋਜ਼ ਵਿੱਚ, ਤੁਹਾਡੀ ਯੂਨਿਟ ਦੀਆਂ ਵਿੰਡੋਜ਼ ਨੂੰ ਸਾਂਝਾ ਤੱਤ ਮੰਨਿਆ ਜਾਂਦਾ ਹੈ। ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਤੁਹਾਡੀ ਯੂਨਿਟ ਅਤੇ ਸਾਂਝੇ ਤੱਤਾਂ ਵਿਚਕਾਰ ਕੀ ਸੀਮਾਵਾਂ ਹਨ, ਤਾਂ ਆਪਣੇ ਡਿਸਕਲੋਜ਼ਰ ਸਟੇਟਮੈਂਟ ਜਾਂ ਆਪਣੇ ਰਜਿਸਟਰਡ ਡੈਕਲੇਰੇਸ਼ਨ ਐਂਡ ਡਿਸਕ੍ਰਿਪਸ਼ਨ ਨੂੰ ਵੇਖੋ। ਤੁਹਾਡੀ ਕੌਂਡੋਜ਼ ਕਾਰਪੋਰੇਸ਼ਨ ਸਾਂਝੇ ਤੱਤਾਂ 'ਤੇ ਵਾਰੰਟੀ ਦਾਅਵਿਆਂ ਦੇ ਪ੍ਰਬੰਧਨ ਲਈ ਜ਼ਿੰਮੇਵਾਰ ਹੈ, ਅਤੇ ਕਵਰੇਜ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਕੌਂਡੋਜ਼ ਕਾਰਪੋਰੇਸ਼ਨ ਰਜਿਸਟਰ ਹੁੰਦੀ ਹੈ।

ਜੇਕਰ ਤੁਹਾਨੂੰ ਕਿਸੇ ਵਾਰੰਟੀ-ਕਵਰ ਵਾਲੀ ਆਈਟਮ ਲਈ ਮਦਦ ਦੀ ਲੋੜ ਹੈ ਜਿਸ ਨੂੰ ਇੱਕ ਸਾਂਝਾ ਤੱਤ ਮੰਨਿਆ ਜਾਂਦਾ ਹੈ, ਤਾਂ ਆਪਣੇ ਪ੍ਰਾਪਰਟੀ ਮੈਨੇਜਰ ਜਾਂ ਕੌਂਡੋਜ਼ ਕਾਰਪੋਰੇਸ਼ਨ ਦੇ ਬੋਰਡ ਆਫ਼ ਡਾਇਰੈਕਟਰਜ਼ ਨਾਲ ਸੰਪਰਕ ਕਰੋ।


# ਆਪਣੀ ਯੂਨਿਟ ਲਈ ਵਾਰੰਟੀ ਦਾ ਦਾਅਵਾ ਕਰਨਾ

## ਕੌਣ ਕੀ ਕਰਦਾ ਹੈ?

### ਦਾਅਵੇ ਤੁਹਾਡੇ ਅਤੇ ਤੁਹਾਡੇ ਬਿਲਡਰ ਨਾਲ ਸ਼ੁਰੂ ਹੁੰਦੇ ਹਨ



**ਤੁਹਾਡੇ ਬਿਲਡਰ ਦੀ ਭੂਮਿਕਾ:** ਵਾਰੰਟੀ ਦੇ ਪ੍ਰਦਾਤਾ ਵਜੋਂ, ਤੁਹਾਡਾ ਬਿਲਡਰ ਤੁਹਾਡੇ ਨਾਲ ਸਿੱਧੇ ਵਾਰੰਟੀ ਦਾਅਵਿਆਂ ਨੂੰ ਹੱਲ ਕਰਨ ਲਈ ਜ਼ਿੰਮੇਵਾਰ ਹੈ। ਤੁਹਾਡੀਆਂ ਵਰੰਟੀ ਅਧੀਨ ਵਸਤਾਂ ਨੂੰ ਹੱਲ ਕਰਨਾ ਉਨ੍ਹਾਂ ਦੀ ਜ਼ਿੰਮੇਂਵਾਰੀ ਹੈ, ਭਾਵੇਂ ਤੁਸੀਂ ਟੈਰੀਓਨ ਨੂੰ ਮਦਦ ਲਈ ਕਹੋ ਜਾਂ ਨਹੀਂ।



**ਤੁਹਾਡੀ ਭੂਮਿਕਾ:** ਜਦੋਂ ਕੋਈ ਸਮੱਸਿਆ ਆਉਂਦੀ ਹੈ ਤਾਂ ਤੁਹਾਨੂੰ ਆਪਣੇ ਬਿਲਡਰ ਨੂੰ ਸੂਚਿਤ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਇਸਦੀ ਸਮੀਖਿਆ ਕਰਨ ਅਤੇ ਇਸਨੂੰ ਹੱਲ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ। ਇਸ ਪ੍ਰਕਿਰਿਆ ਦੇ ਹਿੱਸੇ ਵਜੋਂ, ਤੁਹਾਨੂੰ ਕੋਈ ਵੀ ਲੋੜੀਂਦੀ ਮੁਰੰਮਤ ਕਰਨ ਲਈ ਉਹਨਾਂ ਨੂੰ ਆਪਣੇ ਘਰ ਵਿੱਚ ਦਾਖ਼ਲ ਹੋਣ ਦੇਣਾ ਪਵੇਗਾ।



**ਟੈਰੀਓਨ ਦੀ ਭੂਮਿਕਾ:** ਜੇਕਰ ਤੁਹਾਡਾ ਬਿਲਡਰ ਤੁਹਾਡੇ ਦਾਅਵੇ ਨੂੰ ਸੁਲਝਾਉਣ ਵਿੱਚ ਅਸਫਲ ਰਹਿੰਦਾ ਹੈ, ਜਾਂ ਇਸ ਬਾਰੇ ਵਿਵਾਦ ਹੈ ਕਿ ਕੀ ਕੋਈ ਆਈਟਮ ਵਾਰੰਟੀ ਦੁਆਰਾ ਕਵਰ ਕੀਤੀ ਗਈ ਹੈ ਜਾਂ ਨਹੀਂ ਤਾਂ ਟੈਰੀਓਨ ਵਾਰੰਟੀ ਦੇ ਦਾਅਵੇ ਦੀ ਪ੍ਰਕਿਰਿਆ ਵਿੱਚ ਮਦਦ ਕਰ ਸਕਦੀ ਹੈ। ਅਸੀਂ ਤੁਹਾਡੇ ਦਾਅਵੇ ਦਾ ਮੁਲਾਂਕਣ ਕਰ ਸਕਦੇ ਹਾਂ ਅਤੇ, ਜੇਕਰ ਇਹ ਵਾਰੰਟੀ ਦੁਆਰਾ ਕਵਰ ਕੀਤਾ ਗਿਆ ਹੈ, ਤਾਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਮੁੱਦਾ ਹੱਲ ਹੋ ਗਿਆ ਹੈ।

*ਟੈਰੀਓਨ ਦੀ ਸਹਾਇਤਾ ਲਈ ਯੋਗ ਹੋਣ ਲਈ ਤੁਹਾਨੂੰ ਆਪਣੇ ਵਾਰੰਟੀ ਦਾ ਦਾਅਵਾ ਸੰਬੰਧਿਤ ਵਾਰੰਟੀ ਸਮਾਂ-ਸੀਮਾ ਦੇ ਅੰਦਰ ਰਿਪੋਰਟ ਕਰਨਾ ਚਾਹੀਦਾ ਹੈ। ਆਪਣੀ ਵਾਰੰਟੀ ਦੀਆਂ ਤਰੀਕਾਂ ਤੇ ਨਜ਼ਰ ਰੱਖਣ ਲਈ MyHome ਪੋਰਟਲ ਦੀ ਵਰਤੋਂ ਕਰੋ।*

# ਆਪਣੇ ਵਾਰੰਟੀ ਦਾਅਵਿਆਂ ਦਾ ਪ੍ਰਬੰਧਨ ਕਰਨਾ

## ਇਹ ਆਸਾਨ ਹੈ!

ਟੈਰੀਓਨ ਦਾ MyHome ਆਨਲਾਈਨ ਪੋਰਟਲ ਤੁਹਾਡੇ ਵਾਰੰਟੀ ਦਾਅਵਿਆਂ ਦਾ ਪ੍ਰਬੰਧਨ ਕਰਨ ਦਾ ਅਸਾਨ ਅਤੇ ਸੁਵਿਧਾਜਨਕ ਤਰੀਕਾ ਹੈ।

### MyHome ਨੂੰ ਨਿਮਨਲਿਖਤ ਲਈ ਵਰਤੋ:

- **ਅੱਪ ਟੂ ਡੇਟ ਰਹੋ** ਮਹੱਤਵਪੂਰਨ ਵਾਰੰਟੀ ਟਾਈਮਲਾਈਨਾਂ ਬਾਰੇ
- **ਵਾਰੰਟੀ ਦੇ ਦਾਅਵੇ ਸਬਮਿਟ ਕਰੋ** ਤੁਹਾਡੇ ਬਿਲਡਰ ਅਤੇ ਟੈਰੀਓਨ ਦੋਵਾਂ ਨੂੰ ਇੱਕੋ ਸਮੇਂ
- **ਟੈਰੀਓਨ ਦੀ ਸਹਾਇਤਾ ਲਈ ਬੇਨਤੀ ਕਰੋ** ਜੇਕਰ ਤੁਹਾਨੂੰ ਇਸਦੀ ਲੋੜ ਹੈ

ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਆਪਣੇ ਘਰ ਦਾ ਕਬਜ਼ਾ ਲੈਣ ਤੋਂ ਬਾਅਦ ਤੁਸੀਂ ਜਲਦੀ ਤੋਂ ਜਲਦੀ MyHome ਲਈ ਰਜਿਸਟਰ ਕਰੋ।

**Tarion.com 'ਤੇ MyHome ਲਈ ਰਜਿਸਟਰ ਕਰੋ।**

# ਤੁਹਾਡਾ ਪ੍ਰੀ-ਡਿਲੀਵਰੀ ਨਿਰੀਖਣ (*PDI*)

ਆਪਣੀ ਨਵੀਂ ਯੂਨਿਟ ਦਾ ਕਬਜ਼ਾ ਲੈਣ ਤੋਂ ਪਹਿਲਾਂ, ਤੁਹਾਡੇ ਬਿਲਡਰ ਨੂੰ ਤੁਹਾਡੇ ਨਾਲ ਪ੍ਰੀ-ਡਿਲੀਵਰੀ ਇੰਸਪੈਕਸ਼ਨ (*PDI*) ਕਰਵਾਉਣ ਦੀ ਲੋੜ ਹੁੰਦੀ ਹੈ। ਪੀ.ਡੀ.ਆਈ. ਦਾ ਮੁੱਖ ਉਦੇਸ਼ ਤੁਹਾਡੇ ਘਰ ਦੀਆਂ ਚੀਜ਼ਾਂ ਨੂੰ ਨੋਟ ਕਰਨਾ ਹੈ ਜੋ ਖਰਾਬ, ਗੁੰਮ, ਅਧੂਰੀਆਂ ਜਾਂ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੀਆਂ ਹਨ। ਇਹ ਤੁਹਾਡੇ ਘਰ ਦੇ ਕੁਝ ਹਿੱਸਿਆਂ ਜਿਵੇਂ ਕਿ ਹਵਾਦਾਰੀ, ਪਲੰਬਿੰਗ, ਅਤੇ ਹੀਟਿੰਗ ਸਿਸਟਮ ਨੂੰ ਚਲਾਉਣ ਅਤੇ ਓਹਨਾਂ ਦੀ ਸਾਂਭ-ਸੰਭਾਲ ਬਾਰੇ ਸਿੱਖਣ ਦਾ ਇੱਕ ਮੌਕਾ ਵੀ ਹੈ।

## *PDI* ਫਾਰਮ

*PDI* ਫਾਰਮ ਤੁਹਾਡੇ ਦੁਆਰਾ ਕਬਜ਼ਾ ਲੈਣ ਤੋਂ ਪਹਿਲਾਂ ਤੁਹਾਡੀ ਯੂਨਿਟ ਦੀ ਸਥਿਤੀ ਦਾ ਇੱਕ ਰਸਮੀ ਰਿਕਾਰਡ ਹੈ, ਅਤੇ ਭਵਿੱਖ ਦੀਆਂ ਵਾਰੰਟੀ ਬੇਨਤੀਆਂ ਲਈ ਇੱਕ ਹਵਾਲੇ ਵਜੋਂ ਵਰਤਿਆ ਜਾ ਸਕਦਾ ਹੈ। ਤੁਹਾਡੇ *PDI* ਦੌਰਾਨ, ਤੁਹਾਡਾ ਬਿਲਡਰ ਕਿਸੇ ਵੀ ਚਿੰਤਾ ਵਾਲੀ ਚੀਜ਼ ਨੂੰ ਨੋਟ ਕਰਨ ਲਈ ਇਸਦੀ ਵਰਤੋਂ ਕਰੇਗਾ ਅਤੇ ਤੁਹਾਨੂੰ ਤੁਹਾਡੇ ਰਿਕਾਰਡ ਲਈ ਇੱਕ ਕਾਪੀ ਦੇਵੇਗਾ।

## ਜੇਕਰ ਜ਼ਰੂਰੀ ਮੁਰੰਮਤ ਦੀ ਲੋੜ ਹੈ

ਤੁਹਾਡੇ ਬਿਲਡਰ ਨੂੰ ਤੁਹਾਡੇ *PDI*'ਤੇ ਨੋਟ ਕੀਤੀਆਂ ਗਈਆਂ ਆਈਟਮਾਂ, ਜੋ ਕਵਰ ਹੋਣ, ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦੀ ਲੋੜ ਹੁੰਦੀ ਹੈ। ਜੇ ਜਰੂਰੀ ਹੋਵੇ, ਤਾਂ ਤੁਸੀਂ ਟੈਰੀਓਨ ਨੂੰ ਇਹ ਆਈਟਮਾਂ ਹੱਲ ਕਰਨ ਲਈ ਸਹਾਇਤਾ ਵਾਸਤੇ ਕਹਿ ਸਕਦੇ ਹੋ।

### ਜੇਕਰ ਚਿੰਤਾ ਵਾਲੀਆਂ ਚੀਜ਼ਾਂ ਨੂੰ ਠੀਕ ਨਹੀਂ ਕੀਤਾ ਜਾਂਦਾ ਹੈ

ਜੇਕਰ ਤੁਹਾਡਾ ਬਿਲਡਰ ਤੁਹਾਡੇ *PDI* ਫਾਰਮ 'ਤੇ ਪਛਾਣੀਆਂ ਗਈਆਂ ਆਈਟਮਾਂ ਨੂੰ ਸੰਬੋਧਿਤ ਨਹੀਂ ਕਰਦਾ ਹੈ, ਅਤੇ ਤੁਸੀਂ ਵਾਰੰਟੀ ਪ੍ਰੋਗਰਾਮ ਰਾਹੀਂ ਟੈਰੀਓਨ ਦੀ ਮਦਦ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਵਾਰੰਟੀ ਦਾ ਦਾਅਵਾ ਫਾਰਮ ਭਰਨ ਦੀ ਲੋੜ ਹੋਵੇਗੀ।

***ਆਪਣੇ ਵਾਰੰਟੀ ਕਲੇਮ ਫਾਰਮ ਨੂੰ ਭਰਨ ਅਤੇ ਜਮ੍ਹਾ ਕਰਨ ਲਈ** MyHome **ਪੋਰਟਲ ਦੀ ਵਰਤੋਂ ਕਰੋ ਅਤੇ ਮਹੱਤਵਪੂਰਨ ਤਾਰੀਖਾਂ ਦਾ ਧਿਆਨ ਰੱਖੋ।***

# ਅੱਗੇ ਕੀ ਹੈ?

## ਤੁਸੀਂ ਇਸਨੂੰ ਖਰੀਦ ਲਿਆ ਹੈ - ਹੁਣ ਇਸਦੇ ਮਾਲਕ ਹੋ

ਸੁਰੱਖਿਆ ਇੱਕ ਸਾਂਝੀ ਜ਼ਿੰਮੇਵਾਰੀ ਹੈ। ਤਿੰਨ ਮਹੱਤਵਪੂਰਨ ਅਗਲੇ ਕਦਮਾਂ ਬਾਰੇ ਜਾਣਕਾਰੀ ਲੈਣ ਲਈ Tarion.com ਤੇ ਜਾਓ:

1. **ਜਿਆਦਾ ਜਾਣੋ** ਉਸ ਵਾਰੰਟੀ ਕਵਰੇਜ ਬਾਰੇ ਜਿਸ ਦੇ ਤੁਸੀਂ ਹੱਕਦਾਰ ਹੋ, ਅਤੇ ਘਰ ਦੇ ਮਾਲਕ ਵਜੋਂ ਤੁਹਾਡੀਆਂ ਜ਼ਿੰਮੇਵਾਰੀਆਂ ਬਾਰੇ।
2. **ਤਿਆਰ ਹੋ ਜਾਓ** Tarion.com 'ਤੇ PDI ਚੈਕਲਿਸਟ, ਵੀਡੀਓ ਅਤੇ ਹੋਰ ਸਰੋਤਾਂ ਦੇ ਨਾਲ ਤੁਹਾਡੇ PDI ਲਈ।
3. **ਤਿਆਰ ਰਹੋ** Tarion.com 'ਤੇ MyHome ਪੋਰਟਲ ਲਈ ਰਜਿਸਟਰ ਕਰਕੇ। ਤੁਹਾਡੇ ਕਬਜ਼ਾ ਲੈਣ ਤੋਂ ਬਾਅਦ, ਇਹ ਤੁਹਾਨੂੰ ਵਾਰੰਟੀ ਦਾ ਦਾਅਵਾ ਦਾਇਰ ਕਰਨ ਵਿੱਚ ਮਦਦ ਕਰੇਗਾ ਅਤੇ ਜੇਕਰ ਤੁਹਾਨੂੰ ਇਸਦੀ ਲੋੜ ਹੈ ਤਾਂ ਟੈਰੀਓਨ ਤੋਂ ਮਦਦ ਮੰਗੇਗਾ।

## ਆਪਣਾ ਨਵਾਂ ਘਰ ਖਰੀਦਣ ਦਾ ਸਫ਼ਰ ਸਹੀ ਢੰਗ ਨਾਲ਼ ਸ਼ੁਰੂ ਕਰੋ - ਟੈਰੀਓਨ ਨਾਲ ਆਪਣੇ ਖਰੀਦ ਸਮਝੌਤੇ ਨੂੰ ਰਜਿਸਟਰ ਕਰੋ!

ਖਰੀਦ ਸਮਝੌਤੇ ਨੂੰ ਰਜਿਸਟਰ ਕਰਨਾ ਸਰਲ ਅਤੇ ਤੇਜ਼ ਹੈ, ਅਤੇ ਇਹ ਆਗਿਆ ਦਿੰਦਾ ਹੈ:

ਕਿ ਤੁਹਾਡੇ ਨਵੇਂ ਘਰ ਦੀਆਂ ਚਾਬੀਆਂ ਪ੍ਰਾਪਤ ਕਰਨ ਤੋਂ ਪਹਿਲਾਂ ਟੈਰੀਓਨ ਤੁਹਾਨੂੰ ਤੁਹਾਡੇ ਨਵੇਂ ਘਰ 'ਤੇ ਬਿਲਡਰ ਦੀ ਵਾਰੰਟੀ ਬਾਰੇ ਮੁੱਖ ਜਾਣਕਾਰੀ ਪ੍ਰਦਾਨ ਕਰ ਸਕੇ।

ਰਜਿਸਟਰ ਕਰਨ ਲਈ ਇੱਥੇ ਸਕੈਨ ਕਰੋ

SUPPORTING YOUR NEW HOME WARRANTY

## ਸਾਡੇ ਨਾਲ ਸੰਪਰਕ ਕਰੋ

Tarion.com

customerservice@tarion.com

1 877 982 7466

## ਸਾਨੂੰ ਫੌਲੋ ਕਰੋ

@Tarion.ON

@Tarion_ON

@tarion_on

@tarion_on